BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਰੀਜਨਲ ਗਵਰਨਮੈਂਟ ਰਿਵਿਊ ਫੈਸਲੇ ਬਾਰੇ ਸਿਟੀ ਆਫ ਬ੍ਰੈਂਪਟਨ ਦਾ ਬਿਆਨ

ਬ੍ਰੈਂਪਟਨ, ਓਨਟੈਰੀਓ (25 ਅਕਤੂਬਰ, 2019) – ਸਿਟੀ ਆਫ ਬ੍ਰੈਂਪਟਨ, ਰੀਜਨ ਆਫ ਪੀਲ (Region of Peel) ਦੇ ਮੌਜੂਦਾ ਢਾਂਚੇ ਨੂੰ ਕਾਇਮ ਰੱਖਣ ਲਈ ਓਨਟੈਰੀਓ ਸੂਬੇ ਅਤੇ ਮੰਤਰੀ ਕਲਾਰਕ ਵੱਲੋਂ ਕੀਤੀ ਅੱਜ ਦੀ ਘੋਸ਼ਣਾ ਦਾ ਸੁਆਗਤ ਕਰਦੀ ਹੈ। ਸਿਟੀ ਮੰਨਦੀ ਹੈ ਕਿ ਮੌਜੂਦਾ ਮਾੱਡਲ ਇਹ ਯਕੀਨੀ ਬਣਾਉਂਦਾ ਹੈ ਕਿ ਬ੍ਰੈਂਪਟਨ ਦੇ ਨਿਵਾਸੀ ਲਗਾਤਾਰ ਸਭ ਤੋਂ ਵੱਧ ਲਾਗਤ ਪ੍ਰਭਾਵੀ ਅਤੇ ਕੁਸ਼ਲ ਤਰੀਕੇ ਨਾਲ ਮੁੱਖ ਰੀਜਨਲ ਸੇਵਾਵਾਂ ਪ੍ਰਾਪਤ ਕਰਦੇ ਹਨ।

**ਹਵਾਲੇ**

“ਮਈ 2019 ਵਿੱਚ ਪੇਸ਼ ਕੀਤਾ ਬ੍ਰੈਂਪਟਨ ਸਿਟੀ ਕਾਉਂਸਿਲ (City Council) ਦਾ ਪ੍ਰਸਤਾਵ ਸਪਸ਼ਟ ਸੀ ਕਿ ਮੌਜੂਦਾ ਢਾਂਚੇ ਨੂੰ ਕਾਇਮ ਰੱਖਣਾ, ਪੀਲ ਰੀਜਨ ਦੇ ਟੈਕਸ ਦੇਣ ਵਾਲਿਆਂ ਦੇ ਬਿਹਤਰ ਹਿੱਤ ਦੀ ਸੁਰੱਖਿਆ ਵਿੱਚ ਮਦਦ ਕਰਦਾ ਹੈ। ਇਹ ਫੈਸਲਾ ਦੋ ਸੁਤੰਤਰ ਵਿੱਤੀ ਰਿਪੋਰਟਾਂ ਤੇ ਅਧਾਰਿਤ ਸੀ, ਜਿਹਨਾਂ ਨੇ ਦਰਸਾਇਆ ਕਿ ਰੀਜਨ ਦੁਆਰਾ ਵਸੀਲਿਆਂ ਨੂੰ ਇਕੱਤਰ ਕਰਨ ਨੂੰ ਜਾਰੀ ਰੱਖਣਾ ਟੈਕਸ ਦੇਣ ਵਾਲਿਆਂ ਦੀ ਰੱਖਿਆ ਕਰਦਾ ਹੈ। ਟੈਕਸ ਦੇਣ ਵਾਲਿਆਂ ਨੂੰ ਤਰਜੀਹ ਦੇਣ ਲਈ ਅਸੀਂ ਪ੍ਰੀਮੀਅਰ ਫੋਰਡ (Premier Ford) ਦਾ ਧੰਨਵਾਦ ਕਰਦੇ ਹਾਂ।

ਰੀਜਨ ਆਫ ਪੀਲ, ਓਨਟੈਰੀਓ ਦੇ ਅਰਥਚਾਰੇ ਵਿੱਚ ਮਹੱਤਵਪੂਰਨ ਯੋਗਦਾਨੀ ਹੈ। ਬ੍ਰੈਂਪਟਨ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਹ ਇਨੋਵੇਸ਼ਨ ਕੋਰੀਡੋਰ (Innovation Corridor) ਦੇ ਕੇਂਦਰ ਵਿੱਚ ਸਥਿਤ ਹੈ। ਬ੍ਰੈਂਪਟਨ, ਆਰਥਿਕ ਵਾਧੇ ਅਤੇ ਰੋਜ਼ਗਾਰ ਮੌਕਿਆਂ ਨੂੰ ਵਧਾਉਂਦੇ ਹੋਏ, ਵਿੱਤੀ ਤੌਰ ਤੇ ਚੌਕਸ ਰਹਿਣ ਤੇ ਅਤੇ ਟੈਕਸ ਦੇਣ ਵਾਲਿਆਂ ਲਈ ਸਭ ਤੋਂ ਵੱਧ ਲਾਗਤ ਪ੍ਰਭਾਵੀ ਤਰੀਕੇ ਨਾਲ ਸੇਵਾਵਾਂ ਪ੍ਰਦਾਨ ਕਰਨ ਤੇ ਆਪਣਾ ਧਿਆਨ ਕੇਂਦਰਿਤ ਕਰ ਰਿਹਾ ਹੈ।

ਬ੍ਰੈਂਪਟਨ ਦੇ ਨਿਵਾਸੀਆਂ ਲਈ ਮੁੱਖ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਸੰਚਾਲਿਤ ਕਰਨ ਅਤੇ ਖ਼ਰਚ ਤੇ ਧਿਆਨ ਕੇਂਦਰਿਤ ਕਰਨ ਦੇ ਵੱਧ ਸਮਾਰਟ, ਵੱਧ ਪ੍ਰਭਾਵੀ ਤਰੀਕੇ ਲੱਭਣ ਵਾਸਤੇ ਮਿਊਨਿਸਿਪਲਟੀਜ ਲਈ ਬ੍ਰੈਂਪਟਨ, ਨਵੀਂ ਫੰਡਿੰਗ ਵਿੱਚ $143 ਮਿਲੀਅਨ ਦਾ ਇਸਤੇਮਾਲ ਕਰਨ ਲਈ ਸੂਬੇ ਦੇ ਨਾਲ ਭਾਈਵਾਲੀ ਕਰੇਗਾ।

ਬ੍ਰੈਂਪਟਨ, ਰੀਜਨ ਆਫ ਪੀਲ, ਸਿਟੀ ਆਫ ਮਿਸੀਸਾਗਾ ਅਤੇ ਟਾਊਨ ਆਫ ਕੈਲੇਡਨ (Town of Caledon) ਦੇ ਨਾਲ ਆਪਣੀ ਭਾਈਵਾਲੀ ਜਾਰੀ ਰੱਖਣ ਅਤੇ ਪੀਲ ਰੀਜਨ ਦੇ ਨਿਵਾਸੀਆਂ ਲਈ ਜਿਓਣ ਦੀ ਕੁਆਲਿਟੀ, ਪੁੱਜਣਯੋਗਤਾ ਅਤੇ ਸੁਰੱਖਿਆ ਵਿੱਚ ਸੁਧਾਰ ਦੀ ਉਮੀਦ ਕਰਦਾ ਹੈ।”

- *ਮੇਅਰ ਪੈਟਰਿਕ ਬ੍ਰਾਊਨ (Patrick Brown)*

“ਸਿਟੀ ਕੁਝ ਸਮੇਂ ਤੋਂ ਇਸ ਫੈਸਲੇ ਦੀ ਉਡੀਕ ਕਰ ਰਹੀ ਹੈ। ਹੁਣ ਇਹ ਵੱਧ ਨਿਸ਼ਚਿਤਤਾ ਅਤੇ ਸ਼ਾਂਤੀ ਦੇ ਨਾਲ ਕਈ ਕਾਰਪੋਰੇਟ ਪਹਿਲਕਦਮੀਆਂ ਤੇ ਅਤੇ ਸਾਡੀ 2020-2022 ਬਜਟ ਪ੍ਰਕਿਰਿਆ ਤੇ ਅੱਗੇ ਵਧ ਸਕਦੀ ਹੈ। ਅਸੀਂ ਬ੍ਰੈਂਪਟਨ ਦੇ ਨਿਵਾਸੀਆਂ ਲਈ ਸੇਵਾ ਡਿਲੀਵਰੀ ਨੂੰ ਵਧਾਉਣ ਵਾਸਤੇ ਅੱਜ ਦੀ ਨਵੀਂ ਘੋਸ਼ਣਾ ਕੀਤੀ ਫੰਡਿੰਗ ਦਾ ਮੁਲਾਂਕਣ ਕਰਨ ਲਈ ਉਤਸ਼ਾਹਿਤ ਹਾਂ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

media release

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca